a2zpapers.com

**Exam. Code : 108602**
**Subject Code : 2856**

# B.Sc. Fashion Designing Semester—II

## PUNJABI COMPULSORY

## Paper–VI Opt. (i)

Time Allowed—3 Hours] [Maximum Marks—50

1. "ਸਾਹਿਤ ਅਤੇ ਲੋਕ ਸਾਹਿਤ" ਨਿਬੰਧ ਦਾ ਸਾਰ ਲਿਖੋ।

**ਜਾਂ**

"ਕੰਪਿਊਟਰ ਅਤੇ ਇੰਟਰਨੈੱਟ" ਨਿਬੰਧ ਦਾ ਵਿਸ਼ਾ-ਵਸਤੂ ਲਿਖੋ। 10

2. "ਪਠਾਣ ਦੀ ਧੀ" ਕਹਾਣੀ ਦਾ ਵਿਸ਼ਾ-ਵਸਤੂ ਲਿਖੋ। 10

3. ਸ਼ਬਦ ਦੀ ਪਰਿਭਾਸ਼ਾ ਸਹਿਤ ਸ਼ਬਦ-ਬਣਤਰ ਅਤੇ ਸ਼ਬਦ-ਰਚਨਾ ਦੇ ਮੁੱਢਲੇ ਸੰਕਲਪਾਂ ਬਾਰੇ ਵਿਸਥਾਰ ਸਹਿਤ ਚਰਚਾ ਕਰੋ। 10

4. ਹੇਠ ਲਿਖੇ ਵਿਸ਼ਿਆ ਵਿੱਚੋਂ ਕਿਸੇ **ਇੱਕ** 'ਤੇ ਪੈਰ੍ਹਾ-ਰਚਨਾ ਕਰੋ :

(ੳ) ਸੇਵਾ ਦਾ ਮਹੱਤਵ

(ਅ) ਵਿਸ਼ਵੀਕਰਨ

(ੲ) ਨੈਤਿਕਤਾ 5



a2zpapers.com
www.a2zpapers.com
We provide GNDU question papers, PTU question papers, PU question papers,

a2zpapers.com

5. ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਪ੍ਰਾਣੀ ਦੇ ਮਰਨ ਉਪਰੰਤ ਅਤੇ ਦਾਹ ਸੰਸਕਾਰ ਕਰਦੇ ਸਮੇਂ ਮ੍ਰਿਤਕ ਦੇ ਗੁਣਾਂ ਨੂੰ ਯਾਦ ਕਰਕੇ ਉਸ ਦੀ ਉਸਤਤਿ ਵਿੱਚ ਕੀਤੇ ਗਏ ਕਾਵਿਮਈ ਵਿਰਲਾਪ ਨੂੰ ਅਲਾਹੁਣੀ ਕਿਹਾ ਜਾਂਦਾ ਹੈ। ਅਲਾਹੁਣੀ ਦੀ ਲੈ ਨਾਲ ਕੀਤੀਆਂ ਜਾਣ ਵਾਲੀਆਂ ਸਰੀਰਕ ਕਿਰਿਆਵਾਂ ਨੂੰ ਸਿਆਪੇ ਦਾ ਨਾਂ ਦਿੱਤਾ ਗਿਆ ਹੈ। ਬੱਚੇ, ਜੁਆਨ, ਇਸਤਰੀ-ਮਰਦ ਅਤੇ ਬੁੱਢੇ ਬਾਰੇ ਅਲਾਹੁਣੀਆਂ ਦੀ ਸੁਰ ਅਲੱਗ-ਅਲੱਗ ਹੁੰਦੀ ਹੈ। ਬੱਚੇ ਸੰਬੰਧੀ ਅਲਾਹੁਣੀ ਵਿੱਚ ਬੱਚੇ ਦੀ ਕੋਮਲਤਾ, ਮਾਸੂਮੀਅਤ, ਅਪੂਰਨ ਅਤੇ ਅਤ੍ਰਿਪਤ ਜੀਵਨ ਆਦਿ ਦਾ ਜ਼ਿਕਰ ਹੁੰਦਾ ਹੈ। ਜੁਆਨ ਇਸਤਰੀ-ਮਰਦ ਸੰਬੰਧੀ ਅਲਾਹੁਣੀ ਵਿੱਚ ਜੀਵਨ ਦੀ ਬਰਬਾਦੀ, ਭਵਿੱਖ ਦੀਆਂ ਮੁਸ਼ਕਲਾਂ ਅਤੇ ਅਧੂਰੇ ਰਹਿ ਗਏ ਕੰਮਾਂ ਨੂੰ ਚਿਤਾਰਿਆ ਜਾਂਦਾ ਹੈ। ਉਮਰ ਖਾ-ਹੰਢਾ ਚੁੱਕੇ ਬੁੱਢੇ ਸੰਬੰਧੀ ਅਲਾਹੁਣੀ ਵਿੱਚ ਧੀਮੀ ਸੁਰ ਵਾਲੇ ਰੁਦਨ ਦੇ ਨਾਲ ਇੱਕ ਹਲਕੀ ਜਿਹੀ ਮੁਸਕਾਨ ਦਾ ਰੰਗ ਵੀ ਹੁੰਦਾ ਹੈ ਕਿਉਂਕਿ ਪੰਜਾਬੀ ਸਮਾਜ ਵਿੱਚ ਕਿਸੇ ਬੁੱਢੇ-ਠੇਰੇ ਦਾ ਮਰਨਾ ਇੱਕ ਜਸ਼ਨ ਦਾ ਸਮਾਂ ਬਣਾ ਲਿਆ ਜਾਂਦਾ ਹੈ। "ਖਾ ਮੋਇਆ ਖੱਟ ਮੋਇਆ" ਕਹਿ ਕੇ ਮਾਤਮੀ ਮਾਹੌਲ ਨੂੰ ਖੁਸ਼ਗਵਾਰ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

a2zpapers.com

(ੳ) ਅਲਾਹੁਣੀ ਕਿਸ ਨੂੰ ਕਿਹਾ ਜਾਂਦਾ ਹੈ ?

(ਅ) ਸਿਆਪਾ ਕੀ ਹੁੰਦਾ ਹੈ ?

(ੲ) ਬੱਚੇ ਸੰਬੰਧੀ ਅਲਾਹੁਣੀ ਵਿੱਚ ਕਿਸ ਗੱਲ ਦਾ ਜ਼ਿਕਰ ਹੁੰਦਾ ਹੈ ?

(ਸ) ਜੁਆਨ ਇਸਤਰੀ-ਮਰਦ ਸੰਬੰਧੀ ਅਲਾਹੁਣੀਆਂ ਵਿੱਚ ਕਿਹੜੀਆਂ ਗੱਲਾਂ ਚਿਤਾਰੀਆਂ ਜਾਂਦੀਆਂ ਹਨ ?

(ਹ) ਬੁੱਢੇ ਆਦਮੀ-ਔਰਤਾਂ ਨਾਲ ਸੰਬੰਧਿਤ ਅਲਾਹੁਣੀਆਂ ਕਿਸ ਕਿਸਮ ਦੀਆਂ ਹੁੰਦੀਆਂ ਹਨ ? 5



a2zpapers.com
www.a2zpapers.com
We provide GNDU question papers, PTU question papers, PU question papers,

a2zpapers.com

6. ਹੇਠ ਲਿਖੇ ਅਖਾਣਾਂ ਅਤੇ ਮੁਹਾਵਰਿਆਂ ਵਿੱਚੋਂ **ਪੰਜ-ਪੰਜ** ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ :

(ੳ) **ਅਖਾਣ** : ਮਾਂ ਨਾਲੋਂ ਧੀ ਸਿਆਣੀ ਰਿੱਧੇ ਪੱਕੇ ਪਾਵੇ ਪਾਣੀ, ਰੱਬ ਮਿਲਾਈ ਜੋੜੀ ਇਕ ਅੰਨ੍ਹਾ ਤੇ ਇੱਕ ਕੋੜ੍ਹੀ, ਨਾਲੇ ਚੋਰ ਨਾਲੇ ਚਤਰ, ਚੋਰ ਨਾਲੋਂ ਪੰਡ ਕਾਹਲੀ, ਘਰ ਦੀ ਮੁਰਗੀ ਦਾਲ ਬਰਾਬਰ, ਗਰੀਬਾਂ ਰੱਖੇ ਰੋਜ਼ੇ ਦਿਨ ਵੱਡੇ ਆਏ, ਕਿਥੇ ਰਾਜਾ ਭੋਜ ਕਿਥੇ ਗੰਗੂ ਤੇਲੀ, ਕੋਹ ਨਾ ਤੁਰੀ ਬਾਬਾ ਤਿਹਾਈ

(ਅ) **ਮੁਹਾਵਰੇ** : ਰਾਈ ਦਾ ਪਹਾੜ ਬਣਾਉਣਾ, ਰੰਗ ਵਿੱਚ ਭੰਗ ਪੈਣਾ, ਫੁੱਲੇ ਨਾ ਸਮਾਉਣਾ, ਬੀੜਾ ਚੁੱਕਣਾ, ਨੱਕ ਉੱਤੇ ਮੱਖੀ ਨਾ ਬਹਿਣ ਦੇਣਾ, ਦੱਬੇ ਮੁਰਦੇ ਉਖਾੜਨਾ, ਢਿੱਡ ਵਿੱਚ ਚੂਹੇ ਨੱਚਣਾ, ਜੜ੍ਹੀਂ ਤੇਲ ਦੇਣਾ।

5+5=10

a2zpapers.com



a2zpapers.com
www.a2zpapers.com
We provide GNDU question papers, PTU question papers, PU question papers